2024 28325
12/2/2024

# ਦਫਤਰ ਰਿਵਾਈਜ਼ਿੰਗ ਅਥਾਰਟੀ

31-ਭਗਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਚੋਣਾਂ-ਕਮ-ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ, ਬਠਿੰਡਾ
ਕਮਰਾ ਨੰ:242-ਈ, ਪਹਿਲੀ ਮੰਜਲ, ਮਿੰਨੀ ਸਕੱਤਰੇਤ, ਬਠਿੰਡਾ।
email:- erobhuchomandi91@gmail.com

ਜਿੰਮੇਵਾਰ ਬਣੋ, ਵੋਟਰ ਬਣੋ — ਜਿੰਮੇਵਾਰ ਬਣੋ, ਵੋਟਰ ਬਣੋ

ਪੱਤਰ ਨੰ: SGPC ਚੋਣਾਂ-2024/ — ਮਿਤੀ:

ਵਿਖੇ

ਬੀ.ਐਲ.ਓ,
ਭਾਗ ਨੰ: 55 ਤੋਂ 67, 70 ਤੋਂ 133 ਅਤੇ 150 ਤੋਂ 154
091-ਭੁੱਚੋ ਮੰਡੀ (ਅ.ਜ) ਵਿਧਾਨ ਸਭਾ ਹਲਕਾ।

**ਵਿਸ਼ਾ- ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੇ ਨਵੇਂ ਬੋਰਡ ਦੇ ਗਠਨ ਲਈ ਵੋਟਰ ਸੂਚੀਆਂ ਦੀ ਤਿਆਰੀ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੇ ਨਵੇਂ ਬੋਰਡ ਦੇ ਗਠਨ ਲਈ ਵੋਟਰ ਸੂਚੀਆਂ ਦੀ ਤਿਆਰੀ ਦਾ ਕੰਮ ਪ੍ਰਗਤੀ ਅਧੀਨ ਹੈ। ਜਿਸ ਸਬੰਧੀ ਨਿਮਨਹਸਤਾਖਰ ਦੇ ਧਿਆਣ ਵਿੱਚ ਆਇਆ ਹੈ ਕਿ 31-ਬਲਾਕ ਭਗਤਾ ਦੇ ਫਾਰਮਾ ਦੀ ਗਿਣਤੀ ਬਹੁਤ ਘੱਟ ਹੈ ਅਤੇ ਇਸ ਸਬੰਧੀ ਮਾਨਯੋਗ ਡੀ.ਸੀ ਸਾਹਿਬ ਵੱਲੋ ਗੰਭੀਰ ਨੋਟਿਸ ਲਿਆ ਗਿਆ ਹੈ। ਇਸ ਲਈ ਸ੍ਰੋਮਣੀ ਗੁਰਦੁਆਰਾ ਵੋਟਾਂ ਬਣਾਉਣ ਦੀ ਪ੍ਰਗਤੀ ਵਿੱਚ ਤੇਜੀ ਲਿਆਉਣ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਮਿਤੀ: 29-02-2024 ਤੱਕ ਘਰ-ਘਰ ਜਾ ਕੇ ਯੋਗ ਉਮੀਦਵਾਰਾਂ ਦੀਆਂ ਵੋਟਾਂ ਬਣਾਈਆਂ ਜਾਣ ਤਾਂ ਜੋ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਅਧੀਨ ਯੋਗ ਉਮੀਦਵਾਰਾ ਦੀਆਂ 100 ਪ੍ਰਤੀਸ਼ਤ ਵੋਟਾਂ ਬਣਾਈਆਂ ਜਾ ਸਕਣ।

**ਇਸ ਨੂੰ ਪਰਮ ਅਗੇਤ ਦਿੱਤੀ ਜਾਵੇ।**

ਸਹਾਇਕ ਰਿਵਾਈਜਿੰਗ ਅਥਾਰਟੀ,
31-ਭਗਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ(ਬੋਰਡ)ਚੋਣਾਂ-ਕਮ-ਉਪ ਮੁੱਖ ਕਾਰਜਕਾਰੀ ਅਫ਼ਸਰ,ਜਿਲ੍ਹਾ ਪ੍ਰੀਸ਼ਦ, ਬਠਿੰਡਾ।

ਪਿੱਠ ਅੰਕਣ ਨੰ: 122-26 — ਮਿਤੀ: 12-02-24

ਉਪਰੋਕਤ ਦਾ ਉਤਾਰਾ:-

1) ਜਿਲ੍ਹਾ ਚੋਣ ਅਫ਼ਸਰ, ਬਠਿੰਡਾ ਜੀ ਨੂੰ ਸੂਚਨਾਂ ਹਿੱਤ।
2) ਸਮੂਹ ਨੋਡਲ ਅਫ਼ਸਰ,31-ਭਗਤਾ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿੱਚ ਦਰਜ ਕੀਤੀਆਂ ਗਈਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਆਪ ਦੇ ਅਧੀਨ ਕੰਮ ਕਰਦੇ ਪਟਵਾਰੀ/ਕਰਮਚਾਰੀ ਨੂੰ ਹਦਾਇਤਾ ਜਾਰੀ ਕਰ ਦਿੱਤੀਆਂ ਜਾਣ ਕਿ ਉਹ ਮਿਤੀ: 29-02-2023 ਤੱਕ ਬੀ.ਐਲ.ਓ ਦੇ ਸਹਿਯੋਗ ਲਈ ਘਰ-ਘਰ ਜਾ ਕੇ ਯੋਗ ਉਮੀਦਵਾਰਾਂ ਦੀਆਂ ਵੋਟਾਂ ਬਣਾਈਆਂ ਜਾਣ।
3) ਸ੍ਰੀ ਹਰਪ੍ਰੀਤ ਸਾਗਰ, ਸ੍ਰੀ ਅਰਸ਼ਦੀਪ ਸਿੰਘ, ਸ੍ਰੀ ਸਰਬਜੀਤ ਸਿੰਘ, ਸ੍ਰੀ ਵਿਕਰਮਜੀਤ ਸਿੰਘ, ਸ੍ਰੀ ਹਰਦੀਪ ਸਿੰਘ, ਸ੍ਰੀ ਕੁਲਬੀਰ ਸਿੰਘ, ਸ੍ਰੀ ਅਸ਼ੋਕ ਕੁਮਾਰ ਗਰਗ, ਸ੍ਰੀ ਵਿਕਰਜੀਤ ਸਿੰਘ ਬਾਜਵਾ, ਸ੍ਰੀ ਅਮਨ ਜਿੰਦਲ ਅਤੇ ਸ੍ਰੀ ਰਜਿੰਦਰ ਸਿੰਘ ਸੈਕਟਰ ਅਫ਼ਸਰ 091-ਭੁੱਚੋ ਮੰਡੀ (ਅ.ਜ) ਵਿਧਾਨ ਸਭਾ ਹਲਕਾ ਨੂੰ ਭੇਜ਼ ਕੇ ਲਿਖਿਆ ਜਾਂਦਾ ਹੈ ਕਿ ਉਕਤ ਅਨੁਸਾਰ ਆਪ ਦੇ ਅਧੀਨ ਆਉਂਦੇ ਬੀ.ਐਲ.ਓ ਨੂੰ ਆਪਣੇ ਪੱਧਰ ਤੇ ਹਦਾਇਤਾਂ ਜਾਰੀ ਕਰ ਦਿੱਤੀਆਂ ਜਾਣ ਉਨ੍ਹਾਂ ਵੱਲੋ ਘਰ-ਘਰ ਜਾ ਕੇ ਮਿਤੀ: 29-02-2024 ਤੱਕ ਯੋਗ ਉਮੀਦਵਾਰਾ ਦੀਆਂ 100% ਵੋਟਾਂ ਬਣਾਉਣੀਆਂ ਯਕੀਨੀ ਬਣਾਇਆ ਜਾਵੇ।
4) ਚੋਣਕਾਰ ਰਜਿਸਟਰੇਸ਼ਨ ਅਫ਼ਸਰ, 090 ਰਾਮਪੁਰਾ ਫੂਲ ਪਾਸ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਅਨੁਸਾਰ ਆਪਣੇ ਅਧੀਨ ਕੰਮ ਕਰਦੇ ਬੀ.ਐਲ.ਓ ਜੋ ਐਸ.ਜੀ.ਪੀ.ਸੀ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਲਾਕ ਭਗਤਾ ਦੇ ਵੋਟਾਂ ਬਣਾਉਣ ਸਬੰਧੀ ਫਾਰਮ ਇਕੱਠੇ ਕਰ ਰਹੇ ਹਨ ਉਨ੍ਹਾਂ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਜਾਣ ਕਿ ਉਹ ਮਿਤੀ: 29-02-2024 ਤੱਕ ਘਰ-ਘਰ ਜਾ ਕੇ ਯੋਗ ਉਮੀਦਵਾਰਾਂ ਦੀਆਂ ਵੋਟਾਂ ਬਣਾਈਆਂ ਜਾਣ ਤਾਂ ਜੋ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਅਧੀਨ ਯੋਗ ਉਮੀਦਵਾਰਾ ਦੀਆਂ 100 ਪ੍ਰਤੀਸ਼ਤ ਵੋਟਾਂ ਬਣਾਈਆਂ ਜਾ ਸਕਣ।
5) ਸਮੂਹ ਵਿਭਾਗਾ ਦੇ ਮੁੱਖੀ/ ਜਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ/ਐਲੀਮੈਂਟਰੀ),ਬਠਿੰਡਾ ਉਕਤ ਪੱਤਰ ਵਿੱਚ ਦਰਜ ਜਿਨ੍ਹਾਂ ਬੀ.ਐਲ.ਓ ਦੀ ਡਿਊਟੀ ਨਿਮਨਹਸਤਾਖਰ ਦੇ ਦਫਤਰ ਵਿਖੇ ਬਤੌਰ ਬੀ.ਐਲ.ਓ ਲੱਗੀ ਹੋਈ ਹੈ, ਉਨ੍ਹਾਂ ਨੂੰ ਐਸ.ਜੀ.ਪੀ.ਸੀ ਦੀਆਂ ਵੋਟਾਂ ਬਣਾਉਣ ਸਬੰਧੀ ਮਿਤੀ: 29-02-2024 ਤੱਕ ਦਫ਼ਤਰੀ/ਸਕੂਲ ਦੇ ਕੰਮ ਤੋਂ ਛੋਟ ਦਿੱਤੀ ਜਾਵੇ ਤਾਂ ਜੋਂ ਕੰਮ ਸਮੇਂ ਸਿਰ ਮੁਕੰਮਲ ਕੀਤਾ ਜਾ ਸਕੇ।

ਸਹਾਇਕ ਰਿਵਾਈਜਿੰਗ ਅਥਾਰਟੀ,
31-ਭਗਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ(ਬੋਰਡ)ਚੋਣਾਂ-ਕਮ-ਉਪ ਮੁੱਖ ਕਾਰਜਕਾਰੀ ਅਫ਼ਸਰ,ਜਿਲ੍ਹਾ ਪ੍ਰੀਸ਼ਦ, ਬਠਿੰਡਾ।

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ** 5

**ਪਿਠ ਅੰਕਣ ਨੰ :**ਜੀ-4/1 ( )2024 / 4008 — **ਮਿਤੀ: 12/02/2024**

**ਉਪਰੋਕਤ ਦਾ** ਉਤਾਰਾ **ਸਬੰਧਤ ਸਕੂਲ ਮੁੱਖੀਆਂ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਸਬੰਧਤ ਬੀ.ਐਲ.ਓਜ ਨੂੰ , (ਭਾਗ ਨੰ :55 ਤੋਂ 67 , 70 ਤੋਂ 133** ਅਤੇ 150 **ਤੋਂ** 154 **) ਡਿਊਟੀ ਲਈ ਪਾਬੰਦ ਕਰਨਾ ਯਕੀਨੀ ਬਣਾਇਆ ਜਾਵੇ।**

12/2/24

**ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)**
**ਬਠਿੰਡਾ ।**